# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ : 21-09-2025**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਸ਼ਾਮ 5 ਵਜੇ ਦੇਸ਼ ਨੂੰ ਸੰਬੋਧਨ ਕਰਨਗੇ।

-----------------------------------------------------------

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਏ ਕਿ ਅਗਲੇ ਸਾਲ ਮਾਰਚ ਤੱਕ ਦੇਸ਼ ਵਿੱਚੋਂ ਖੱਬੇ-ਪੱਖੀ ਅੱਤਵਾਦ ਪੂਰੀ ਤਰ੍ਹਾਂ ਖ਼ਤਮ ਹੋ ਜਾਵੇਗਾ। ਇਕ ਨਿੱਜੀ ਚੈਨਲ ਨਾਲ ਇੰਟਰਵਿਊ ਵਿਚ ਅਮਿਤ ਸ਼ਾਹ ਨੇ ਕਿਹਾ ਕਿ ਸਰਕਾਰ ਦੀਆਂ ਕੋਸ਼ਿਸ਼ਾਂ ਨਾਲ ਪਿਛਲੇ ਦਹਾਕੇ ਦੌਰਾਨ ਉੱਤਰ- ਪੂਰਬੀ ਇਲਾਕਿਆਂ ਵਿਚ ਹਿੰਸਕ ਘਟਨਾਵਾਂ ਵਿਚ 75 ਫੀਸਦੀ ਦੀ ਕਮੀ ਆਈ ਏ । ਨਰੇਂਦਰ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦੇ ਹੋਏ ਕੇਂਦਰੀ ਗ੍ਰਹਿ ਮੰਤਰੀ ਨੇ ਕਿਹਾ ਕਿ 11 ਸਾਲਾਂ ਤੋਂ ਵੀ ਘੱਟ ਸਮੇਂ ਵਿਚ ਸਰਕਾਰ ਨੇ ਲਗਭਗ 60 ਕਰੋੜ ਲੋਕਾਂ ਨੂੰ

ਰਿਹਾਇਸ਼, ਬਿਜਲੀ, ਪਖਾਨੇ, ਪੀਣ ਵਾਲਾ ਪਾਣੀ ਅਤੇ 5 ਲੱਖ ਰੁਪਏ ਦਾ ਸਿਹਤ ਬੀਮਾ ਪ੍ਰਦਾਨ ਕੀਤਾ ਏ –

---------------------------------------------------------------------------

ਪੰਜਾਬ ਦੇ ਮਾਲ, ਮੁੜ ਵਸੇਬਾ ਤੇ ਆਫ਼ਤ ਪ੍ਰਬੰਧਾਂ ਬਾਰੇ ਮੰਤਰੀ ਸ੍ਰੀ ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਏ ਕਿ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਲਗਾਤਾਰ ਵਾਪਸੀ ਨਾਲ ਰਾਹਤ ਕੈਂਪਾਂ ਵਿਚ ਰਹਿਣ ਵਾਲੇ ਲੋਕਾਂ ਦੀ ਗਿਣਤੀ ਘੱਟ ਕੇ ਸਿਰਫ਼ 229 ਰਹਿ ਗਈ ਏ। ਸ੍ਰੀ ਮੁੰਡੀਆਂ ਨੇ ਕਿਹਾ ਕਿ ਹੁਸ਼ਿਆਰਪੁਰ ਵਿਚ 11 ਹੋਰ ਜਦੋਂਕਿ ਲੁਧਿਆਣਾ ਜ਼ਿਲ੍ਹੇ ਵਿਚ 5 ਪਿੰਡ ਪ੍ਰਭਾਵਿਤ ਹੋਏ ਨੇ, ਜਿਸ ਨਾਲ ਜ਼ਿਲ੍ਹੇ ਵਿਚ ਪ੍ਰਭਾਵਿਤ ਪਿੰਡਾਂ ਦੀ ਕੁੱਲ ਗਿਣਤੀ 131 ਹੋ ਗਈ ਏ। ਮਾਲ ਮੰਤਰੀ ਨੇ ਕਿਹਾ ਕਿ ਪ੍ਰਭਾਵਿਤ ਲੋਕਾਂ ਦੀ ਗਿਣਤੀ ਘਟਣ ਕਾਰਨ ਵੱਡੀ ਗਿਣਤੀ ਵਿਚ ਰਾਹਤ ਕੈਂਪ ਬੰਦ ਕਰ ਦਿੱਤੇ ਗਏ ਨੇ

---------------------------------------------------------------------------

ਫਿਟ ਇੰਡੀਆ ਮੁਹਿੰਮ ਦੇ ਸਿਲਸਿਲੇ ਦੌਰਾਨ ਚੰਡੀਗੜ੍ਹ ਪ੍ਰਸ਼ਾਸਨ ਦੇ ਖੇਡ ਵਿਭਾਗ ਨੇ ਸੇਵਾ ਪੰਦਰਵਾੜੇ 2025 ਤਹਿਤ ਬਜ਼ੁਰਗਾਂ ਨੂੰ ਫਿਟਨਸ ਲਈ ਉਤਸ਼ਾਹਤ ਕਰਨ ਲਈ ਖਾਸ ਪਹਿਲ ਕੀਤੀ ਏ। ਇਸ ਯੋਜਨਾ

ਤਹਿਤ 60 ਸਾਲ ਤੇ ਉਸ ਤੋਂ ਵੱਧ ਉਮਰ ਦੇ ਸੀਨੀਅਰ ਸਿਟੀਜ਼ਨ ਸਿਰਫ਼ 999 ਰੁਪਏ ਵਿਚ ਸਪੋਰਟਸ ਕੰਪਲੈਕਸ ਦੀ ਇਕ ਸਾਲ ਦੀ ਮੈਂਬਰਸ਼ਿਪ ਪ੍ਰਾਪਤ ਕਰ ਸਕਣਗੇ। ਰਜਿਸਟ੍ਰੇਸ਼ਨ ਪ੍ਰਕਿਰਿਆ ਸਿਰਫ਼ ਚੰਡੀਗੜ੍ਹ ਖੇਡ ਵਿਭਾਗ ਦੇ ਅਧਿਕਾਰਤ ਆਨਲਾਈਨ ਪੋਰਟਲ Sportsdeptt.chd.gov.in ਉੱਤੇ ਕੀਤੀ ਜਾਵੇਗੀ। ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਇਹ ਰਿਆਇਤੀ ਮੈਂਬਰਸ਼ਿਪ ਸਾਡੇ ਪ੍ਰਸ਼ਾਸਨ ਦੀ ਬਜੁਰਗਾਂ ਦੀ ਸਿਹਤ, ਖੁਸ਼ੀ ਤੇ ਤੰਦਰੁਸਤੀ ਪ੍ਰਤੀ ਪ੍ਰਤੀਬੱਧਤਾ ਨੂੰ ਦਰਸਾਉਂਦੀ ਏ। ਵਿਜਿਟਸ ਦੌਰਾਨ ਮਰੀਜਾਂ ਦੀ ਡਾਕਟਰੀ ਜਾਂਚ, ਸਲਾਹ, ਮੁੱਢਲਾ ਇਲਾਜ ਤੇ ਜ਼ਰੂਰਤ ਮੁਤਾਬਕ ਦਵਾਈਆਂ ਮੁਹੱਈਆ ਕਰਵਾਈਆਂ ਜਾਣਗੀਆਂ। ਬਜੁਰਗ ਨਾਗਰਿਕ ਜਾਂ ਪਰਿਵਾਰਕ ਮੈਂਬਰ 0172-2782457 ਜਾਂ 0172-2752043 ਉੱਤੇ ਕਾਲ ਕਰ ਕੇ ਸਲਾਟ ਬੁੱਕ ਕਰ ਸਕਦੇ ਨੇ।

---------------------------------------------------------------

ਸਮਾਜ ਨੂੰ ਨਸ਼ਿਆਂ ਦੇ ਬੁਰੇ ਅਸਰ ਤੋਂ ਬਚਾਉਣ ਤੇ ਆਉਣ ਵਾਲੀ ਪੀੜ੍ਹੀ ਨੂੰ ਨਸ਼ਾ ਮੁਕਤ ਮਾਹੌਲ ਮੁੱਹਈਆ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਬਠਿੰਡਾ ਵਿਚ ਦੌੜ ਕਰਵਾਈ ਗਈ। ਇਸ ਦੌੜ ਨੂੰ ਜ਼ਿਲ੍ਹੇ ਦੇ ਏਡੀਸੀ (ਸ਼ਹਿਰੀ ਵਿਕਾਸ) ਨਰਿੰਦਰ ਸਿੰਘ ਧਾਲੀਵਾਲ ਤੇ ਹੋਰਨਾਂ

ਸ਼ਖ਼ਸੀਅਤਾਂ ਨੇ ਸਥਾਨਕ ਫਾਇਰ ਬ੍ਰਿਗੇਡ ਚੌਂਕ ਤੋਂ ਰਵਾਨਾ ਕੀਤਾ। ਇਹ ਦੌੜ ਅਮਰੀਕ ਸਿੰਘ ਰੋਡ ਤੋਂ ਹੁੰਦੀ ਹੋਈ ਰੋਜ਼ ਗਾਰਡਨ ਵਿਖੇ ਸਮਾਪਤ ਹੋਈ। ਇਸ ਦੌੜ ਵਿਚ ਹਰ ਉਮਰ ਵਰਗ ਦੇ ਲੋਕਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।

--------------------------------------------------------

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ 48 ਪ੍ਰੋਫੈਸਰਾਂ ਨੂੰ ਵਿਸ਼ਵ ਪ੍ਰਸਿੱਧ ਸਟੈਨਫੋਰਡ-ਐਲਸਵੀਅਰ ਦੀ 2025 ਦੀ ਆਲਮੀ ਪੱਧਰ ਉੱਤੇ ਸਿਖਰਲੇ 2 ਫੀਸਦੀ ਵਿਗਿਆਨੀਆਂ ਦੀ ਸੂਚੀ ਵਿਚ ਨਵੀਂ ਸ਼ਾਮਲ ਕੀਤਾ ਗਿਆ ਏ। ਇਸ ਤੋਂ ਇਲਾਵਾ 28 ਪ੍ਰੋਫੈਸਰਾਂ ਨੇ ਆਪਣੇ ਕਰੀਅਰ ਦੌਰਾਨ ਖੋਜ ਯੋਗਦਾਨਾਂ ਦੇ ਆਧਾਰ ਉੱਤੇ ਕਰੀਅਰ-ਵਾਰ ਰੈਂਕਿੰਗ ਵਿਚ ਵੀ ਸਥਾਨ ਪ੍ਰਾਪਤ ਕੀਤੇ ਨੇ। ਪੰਜਾਬ ਯੂਨੀਵਰਸਿਟੀ ਨੇ ਇਸ ਉਪਲਬਧੀ ਨਾਲ ਖੋਜ ਵਿਚ ਇਤਿਹਾਸਕ ਮੀਲ-ਪੱਥਰ ਪ੍ਰਾਪਤ ਕੀਤਾ ਏ। ਵਾਈਸ ਚਾਂਸਲਰ ਪ੍ਰੋ. ਰੇਨੂੰ ਵਿਗ ਨੇ ਇਸ ਪ੍ਰਾਪਤੀ ਉੱਤੇ ਯੂਨੀਵਰਸਿਟੀ ਦੇ ਸਾਰੇ ਫੈਕਲਟੀ ਮਾਹਿਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਪ੍ਰਾਪਤੀ ਯੂਨੀਵਰਸਿਟੀ ਦੀ ਖੋਜ ਉੱਤਮਤਾ ਦਾ ਪ੍ਰਮਾਣ ਏ।

--------------------------------------------------------

ਅੱਜ ਸਾਲ ਦਾ ਆਖ਼ਰੀ ਸੂਰਜ ਗ੍ਰਹਿਣ ਏ। ਇਹ ਗ੍ਰਹਿਣ ਡੇਲਾਈਟ ਵਿਚ ਦੁਪਹਿਰ 1 ਵਜ ਕੇ 29 ਮਿੰਟ ਉੱਤੇ ਅਤੇ ਭਾਰਤੀ ਸਮੇਂ ਮੁਤਾਬਕ ਰਾਤ 10 ਵਜ ਕੇ 59 ਮਿੰਟ ਉੱਤੇ ਸ਼ੁਰੂ ਹੋਵੇਗਾ। ਇਹ ਸੂਰਜ ਗ੍ਰਹਿਣ ਦੱਖਣੀ ਗੋਲਾਕਾਰ ਵਿਚ ਆਸਟ੍ਰੇਲੀਆ, ਅੰਟਾਰਕਟਿਕਾ, ਪ੍ਰਸ਼ਾਂਤ ਮਹਾਸਾਗਰ ਅਤੇ ਹੋਰ ਇਲਾਕਿਆਂ ਵਿਚ ਨਜ਼ਰ ਆਵੇਗਾ ਜਦੋਂਕਿ ਇਹ ਭਾਰਤ ਵਿਚ ਨਹੀਂ ਦਿਸੇਗਾ। ਇਹ ਅੰਸ਼ਕ ਸੂਰਜ ਗ੍ਰਹਿਣ ਹੋਵੇਗਾ, ਜਿਸ ਵਿਚ ਚੰਦਰਮਾ ਸੂਰਜ ਦੀ ਸਤ੍ਹਾ ਨੂੰ ਪੂਰੀ ਤਰ੍ਹਾਂ ਢਕਣ ਦੀ ਬਜਾਏ ਅੰਸ਼ਕ ਤੌਰ 'ਤੇ ਢਕੇਗਾ।

---------------------------------------------------------------

ਏਸ਼ੀਆ ਕੱਪ Twenty-20 ਕ੍ਰਿਕਟ ਟੂਰਨਾਮੈਂਟ ਦੇ Super 4 ਗੇੜ ਦੇ ਦੂਜੇ ਮੈਚ ਵਿਚ ਅੱਜ ਭਾਰਤ ਦਾ ਮੁਕਾਬਲਾ ਪਾਕਿਸਤਾਨ ਨਾਲ ਹੋਵੇਗਾ। ਇਹ ਮੈਚ ਭਾਰਤੀ ਸਮੇਂ ਮੁਤਾਬਕ ਰਾਤ 8 ਵਜੇ ਦੁਬਈ ਵਿਚ ਖੇਡਿਆ ਜਾਵੇਗਾ। ਟੂਰਨਾਮੈਂਟ ਵਿਚ ਦੋਵਾਂ ਟੀਮਾਂ ਦਰਮਿਆਨ ਇਹ ਦੂਜਾ ਮੁਕਾਬਲਾ ਹੋਵੇਗਾ।